## ਪਾਠ-8

## ਸਾਰਾ ਜੱਗ ਜਿੱਤਿਆ ਨਹੀਂ ਜਾਂਦਾ (ਲੇਖਕ-ਸ੍ਰੀਮਤੀ ਨਿਤਾਸ਼ਾ ਕੋਹਲੀ)

### 1. ਪ੍ਰਸ਼ਨ/ਉੱਤਰ



**ਪ੍ਰਸ਼ਨ ੳ. ਕੁੜੀਆਂ, ਕਿਸਾਨ ਤੇ ਉਸ ਦੇ ਪੁੱਤਰ ਨੂੰ ਦੇਖ ਕੇ ਕਿਉਂ ਹੱਸੀਆਂ ਸਨ?**
ਉੱਤਰ : ਕੁੜੀਆਂ ਕਿਸਾਨ ਤੇ ਉਸ ਦੇ ਪੁੱਤਰ ਨੂੰ ਖੋਤੇ ਉੱਤੇ ਸਵਾਰੀ ਕਰਨ ਦੀ ਥਾਂ ਖੋਤੇ ਦੇ ਨਾਲ਼ ਤੁਰਦੇ ਦੇਖ ਕੇ ਹੱਸੀਆਂ ਸਨ।

**ਪ੍ਰਸ਼ਨ ਅ. ਪਿਤਾ ਤੇ ਪੁੱਤਰ ਨੇ ਖੋਤੇ ਨੂੰ ਮੋਢਿਆਂ 'ਤੇ ਕਿਉਂ ਚੁੱਕਿਆ ਸੀ?**
ਉੱਤਰ : ਪਿਤਾ ਤੇ ਪੁੱਤਰ ਨੂੰ ਖੋਤੇ ਉੱਤੇ ਸਵਾਰ ਹੋਏ ਦੇਖ ਕੇ ਲੋਕਾਂ ਵੱਲੋਂ ਟੀਕਾ-ਟਿੱਪਣੀ ਕਰਨ ਕਰਕੇ ਉਨ੍ਹਾਂ ਨੇ ਖੋਤੇ ਨੂੰ ਮੋਢਿਆਂ ਉੱਤੇ ਚੁੱਕ ਲਿਆ।

**ਪ੍ਰਸ਼ਨ ੲ. ਦਰਿਆ ਦੇ ਪੁਲ਼ 'ਤੇ ਆ ਕੇ ਕੀ ਵਾਪਰਿਆ?**
ਉੱਤਰ : ਪਿਓ-ਪੁੱਤਰ ਨੂੰ ਖੋਤਾ ਚੁੱਕੀ ਦਰਿਆ ਦੇ ਪੁਲ ਉੱਤੋਂ ਲੰਘਦਿਆਂ ਦੇਖ ਲੋਕ ਹੱਸਣ ਲੱਗੇ। ਉਨ੍ਹਾਂ ਦੇ ਰੌਲ਼ੇ ਤੋਂ ਘਬਰਾ ਕੇ ਖੋਤੇ ਨੇ ਹਿੱਲ-ਜੁਲ ਕੀਤੀ, ਤਾਂ ਉਨ੍ਹਾਂ ਦੇ ਮੋਢਿਆਂ ਤੋਂ ਡਾਂਗ ਖਿਸਕ ਗਈ ਤੇ ਖੋਤਾ ਦਰਿਆ ਵਿੱਚ ਡਿਗ ਕੇ ਰੁੜ੍ਹ ਗਿਆ।

**ਪ੍ਰਸ਼ਨ ਸ. ਪਿਓ-ਪੁੱਤਰ ਦਾ ਨੁਕਸਾਨ ਕਿਉਂ ਹੋਇਆ?**
ਉੱਤਰ : ਲੋਕਾਂ ਦੀਆਂ ਗੱਲਾਂ ਵਿੱਚ ਆਉਣ ਕਾਰਨ ਪਿਓ-ਪੁੱਤਰ ਦਾ ਨੁਕਸਾਨ ਹੋਇਆ।

**ਪ੍ਰਸ਼ਨ ਹ. ਇਸ ਕਹਾਣੀ ਤੋਂ ਕੀ ਸਿੱਖਿਆ ਮਿਲ਼ਦੀ ਹੈ?**
ਉੱਤਰ : ਇਸ ਕਹਾਣੀ ਤੋਂ ਸਾਨੂੰ ਇਹ ਸਿੱਖਿਆ ਮਿਲ਼ਦੀ ਹੈ ਕਿ ਸਾਨੂੰ ਲੋਕਾਂ ਦੀਆਂ ਗੱਲਾਂ ਵਿੱਚ ਨਹੀਂ ਆਉਣਾ ਚਾਹੀਦਾ।

### 2. ਹੇਠ ਲਿਖੇ ਸ਼ਬਦਾਂ ਨੂੰ ਵਾਕਾਂ ਵਿੱਚ ਵਰਤੋ :

1. **ਸਵਾਰੀ (ਕਿਸੇ ਵਾਹਨ 'ਤੇ ਚੜ੍ਹਿਆ ਮੁਸਾਫ਼ਿਰ)-** ਪਿਓ-ਪੁੱਤ ਨੇ ਗਧੇ ਦੀ ਸਵਾਰੀ ਕੀਤੀ।
2. **ਤਰਸ (ਰਹਿਮ)-** ਸਾਨੂੰ ਜਾਨਵਰਾਂ ਉੱਤੇ ਤਰਸ ਕਰਨਾ ਚਾਹੀਦਾ ਹੈ।
3. **ਆਜੜੀ (ਭੇਡਾਂ ਚਾਰਨ ਵਾਲ਼ਾ)-** ਆਜੜੀ ਬੀੜ ਵਿੱਚ ਭੇਡਾਂ ਚਾਰ ਰਿਹਾ ਹੈ।
4. **ਸ਼ਰਮਿੰਦਾ (ਸ਼ਰਮਸਾਰ)-** ਜਦੋਂ ਉਸ ਦੀ ਗ਼ਲਤੀ ਫੜੀ ਗਈ ਤਾਂ ਸ਼ਰਮਿੰਦਾ ਹੋ ਗਿਆ।
5. **ਹੱਟਾ-ਕੱਟਾ (ਤਕੜੇ ਸਰੀਰ ਵਾਲ਼ਾ)-** ਪਹਿਲਵਾਨ ਹੱਟੇ-ਕੱਟੇ ਹੁੰਦੇ ਹਨ।

### 3. ਔਖੇ ਸ਼ਬਦਾਂ ਦੇ ਅਰਥ :

| | | |
|---|---|---|
| ਮਲੂਕ | : | ਨਾਜ਼ਕ, ਕੋਮਲ |
| ਦ੍ਰਿਸ਼ | : | ਨਜ਼ਾਰਾ |
| ਤਰਕੀਬ | : | ਢੰਗ, ਤਰੀਕਾ |
| ਪਰੇਸ਼ਾਨ | : | ਫ਼ਿਕਰਮੰਦ |
| ਇਨਸਾਨੀਅਤ | : | ਮਨੁੱਖਤਾ, ਮਾਨਵਤਾ |
| ਬਹਿਕਾਵਾ | : | ਝਾਂਸੇ ਵਿੱਚ ਆਉਣਾ |

### 4. ਹੇਠ ਲਿਖੇ ਸ਼ਬਦ ਕਿਸ ਨੇ, ਕਿਸ ਨੂੰ ਕਹੇ :

**(ੳ) "ਦੇਖੋ ਬੁੱਢੇ ਦੀ ਅਕਲ ਨੂੰ- ਮਲੂਕ ਜਿਹਾ ਬੱਚਾ ਭੱਜ-ਭੱਜ ਸਾਹੋ-ਸਾਹ ਹੋਇਆ ਪਿਆ ਹੈ। ਆਪ ਨਵਾਬ ਬਣਿਆ ਖੋਤੇ 'ਤੇ ਸਵਾਰ ਹੋਇਆ ਬੈਠਾ ਹੈ।"**
ਉੱਤਰ : ਦੋ ਆਜੜੀਆਂ ਨੇ ਇੱਕ-ਦੂਜੇ ਨੂੰ ਬੁੱਢੇ ਬਾਰੇ ਕਹੇ।

**(ਅ) "ਦੇਖੋ ਇਸ ਮੁੰਡੇ ਨੂੰ ਹੱਟਾ-ਕੱਟਾ। ਆਪ ਖੋਤੇ 'ਤੇ ਚੜ੍ਹਿਆ ਬੈਠਾ ਹੈ ਤੇ ਬੁੱਢਾ ਪਿਓ ਲੱਤਾਂ ਘਸੀਟਦਾ ਜਾਂਦਾ ਹੈ। ਅੱਜ ਦੇ ਮੁੰਡਿਆਂ ਨੂੰ ਮਾਂ-ਪਿਓ ਦਾ ਰਤਾ ਧਿਆਨ ਨਹੀਂ।"**
ਉੱਤਰ : ਦੋ ਆਦਮੀਆਂ ਨੇ ਇੱਕ-ਦੂਜੇ ਨੂੰ ਮੁੰਡੇ ਬਾਰੇ ਕਹੇ ।

## 5. ਵਿਆਕਰਨ :

**ਜਿਹੜਾ ਸ਼ਬਦ ਨਾਂਵ ਦੀ ਥਾਂ ਵਰਤਿਆ ਜਾਵੇ, ਉਸ ਨੂੰ ਪੜਨਾਂਵ ਕਿਹਾ ਜਾਂਦਾ ਹੈ, ਜਿਵੇਂ : ਮੈਂ, ਤੂੰ, ਅਸੀਂ, ਤੁਸੀਂ, ਉਹ, ਕਈ, ਅਹੁ, ਕੌਣ।**

**ਪੜਨਾਂਵ ਦੀਆਂ 6 ਕਿਸਮਾਂ ਹਨ :**

1. ਪੁਰਖ-ਵਾਚਕ ਪੜਨਾਂਵ
2. ਨਿੱਜ-ਵਾਚਕ ਪੜਨਾਂਵ
3. ਨਿਸ਼ਚੇਵਾਚਕ ਪੜਨਾਂਵ
4. ਅਨਿਸ਼ਚੇਵਾਚਕ ਪੜਨਾਂਵ
5. ਸੰਬੰਧ-ਵਾਚਕ ਪੜਨਾਂਵ
6. ਪ੍ਰਸ਼ਨ-ਵਾਚਕ ਪੜਨਾਂਵ

**ਹੇਠ ਲਿਖੇ ਲਕੀਰੇ ਸ਼ਬਦ ਪੜਨਾਂਵ ਹਨ।**

- **ਉਸ** ਨੇ ਸੋਚਿਆ ਕਿ ਸ਼ਹਿਰ ਵਿੱਚ ਜਾ ਕੇ ਖੋਤੇ ਨੂੰ ਵੇਚ ਦਿੰਦਾ ਹਾਂ।
- ਕੁੜੀਆਂ **ਉਹਨਾਂ** ਨੂੰ ਦੇਖ ਕੇ ਹੱਸ ਪਈਆਂ।
- **ਤੂੰ** ਵੀ **ਮੇਰੇ** ਨਾਲ਼ ਖੋਤੇ ਉੱਤੇ ਬੈਠ ਜਾ।
- **ਉਹ** ਪਿਓ-ਪੁੱਤਰ ਨੂੰ ਖੋਤੇ ਉੱਤੇ ਸਵਾਰ ਦੇਖ ਕੇ ਬਹੁਤ ਹੈਰਾਨ-ਪਰੇਸ਼ਾਨ ਹੋਏ।
- **ਦੋਹਾਂ** ਦੇ ਦੇਖਦਿਆਂ-ਦੇਖਦਿਆਂ ਖੋਤਾ ਪਾਣੀ ਦੇ ਤੇਜ ਵਹਿਣ ਵਿੱਚ ਰੁੜ੍ਹ ਗਿਆ।
- **ਉਹ ਕਿਸੇ** ਨੂੰ ਵੀ ਖ਼ੁਸ਼ ਨਹੀਂ ਕਰ ਸਕਿਆ।